18.11.97

# ਕਲਾ ਦੇ ਝਰੋਖੇ ਤੋਂ

**ਗੁਰਸ਼ਰਨ ਸਿੰਘ**

**ਨਾਟਕ ਖੇਤਰ ਵਿਚ ਇਕ ਮੀਲ ਪੱਥਰ:** ਪਹਿਲੀ ਨਵੰਬਰ ਗਦਰੀ ਬਾਬਿਆਂ ਦੇ ਮੇਲੇ 'ਤੇ ਕੇਵਲ ਧਾਲੀਵਾਲ ਵਲੋਂ ਗਦਰ ਲਹਿਰ ਨਾਲ ਸਬੰਧਤ ਨਾਟਕ 'ਇਤਿਹਾਸ ਦੇ ਸਫੇ' 'ਤੇ ਪੰਜਾਬੀ ਥੀਏਟਰ ਇਤਿਹਾਸ ਵਿਚ ਇਕ ਮੀਲ ਪੱਥਰ ਕਿਹਾ ਜਾ ਸਕਦਾ ਹੈ। 42 ਕਲਾਕਾਰਾਂ ਦੀ ਟੀਮ ਨਾਲ ਇਕ ਥੀਏਟਰ ਵਰਕਸ਼ਾਪ ਵਿਚ ਤਿਆਰ ਕੀਤੇ ਨਾਟਕ ਨੂੰ ਜਿਸ ਯੋਗਤਾ ਨਾਲ ਪੇਸ਼ ਕੀਤਾ ਗਿਆ, ਉਹ ਕਲਾ ਦੇ ਇਸ ਖੇਤਰ ਨੂੰ ਇਕ ਨਵਾਂ ਵਿਸ਼ਵਾਸ ਪ੍ਰਦਾਨ ਕਰਦਾ ਹੈ ਅਤੇ ਨਵੀਆਂ ਸੰਭਾਵਨਾਵਾਂ ਦਾ ਬੂਹਾ ਵੀ ਖੋਲ੍ਹਦਾ ਹੈ। ਗਦਰ ਲਹਿਰ ਦੀਆਂ ਅਹਿਮ ਘਟਨਾਵਾਂ ਨੂੰ ਜਿਸ ਤਰ੍ਹਾਂ ਨਾਟਕੀ ਵਿਉਂਤਬੰਦੀ ਨਾਲ ਪੇਸ਼ ਕੀਤਾ ਗਿਆ, ਉਸ ਵਿਚ ਰਵੀ ਨੰਦਨ ਦੁਆਰਾ ਪੇਸ਼ ਕੀਤੇ ਗਏ ਸੰਗੀਤ ਅਤੇ ਸ਼ਹਿਰਯਾਰ ਦੇ ਗੀਤਾਂ ਦੀ ਵਿਸ਼ੇਸ਼ ਭੂਮਿਕਾ ਸੀ। ਐਕਟਿੰਗ ਖੇਤਰ ਵਿਚ ਸਾਹਿਬ ਸਿੰਘ, ਹਰਦੀਪ ਗਿੱਲ, ਵੇਦ ਸ਼ਰਮਾ, ਅਨੀਤਾ, ਮੰਚਪ੍ਰੀਤ, ਪਵੇਲ ਸੰਧੂ, ਹਰਵਿੰਦਰ ਭੰਡਾਲ, ਗੁਰਿੰਦਰ ਮਦਨ ਬਹੁਤ ਕਮਾਲ ਸਨ ਤੇ ਭੀੜ ਦੇ ਰੂਪ ਵਿਚ ਵੀ ਜੋ ਕਲਾਕਾਰ ਆਏ ਉਨ੍ਹਾਂ ਨੇ ਵੀ ਪੂਰੀ ਨਿਪੁੰਨਤਾ ਨਾਲ ਆਪਣੀ ਭੂਮਿਕਾ ਨਿਭਾਈ। ਇਹ ਨਿਰਦੇਸ਼ਕ ਦੀ ਵੀ ਪ੍ਰਾਪਤੀ ਕਹੀ ਜਾ ਸਕਦੀ ਹੈ। ਦੇਸ਼ਭਗਤ ਹਾਲ ਵਿਚ ਹਾਜ਼ਰ ਦਰਸ਼ਕ ਇਸ ਪੇਸ਼ਕਸ਼ ਨੂੰ ਚਿਰਾਂ ਤਕ ਯਾਦ ਰੱਖਣਗੇ। ਇਸ ਮੇਲੇ ਵਿਚ ਦਿਨ ਵੇਲੇ ਹੋਏ ਨਾਟਕ ਤੰਦੂਰ ਅਤੇ ਨਿਸ਼ਾਂਤ ਨਾਟ ਮੰਚ ਦਿੱਲੀ ਵਲੋਂ ਸ਼ਮਸਉਲ ਅਸਲਾਮ ਦੀ ਅਗਵਾਈ ਵਿਚ ਪੇਸ਼ ਕੀਤਾ ਨੁੱਕੜ ਨਾਟਕ ਅਤੇ ਰਾਤ ਨੂੰ ਪੇਸ਼ ਕੀਤੇ ਨਾਟਕ ਯੁੱਗ ਯੁੱਗ ਤੋਂ ਵਿਦਰੋਹੀ (ਸਪਾਰਟਾਕਸ) ਅਤੇ ਸ਼ਹੀਦ ਵੀ ਯਾਦਗਾਰੀ ਨਾਟਕ ਸਨ। ਮੇਲੇ 'ਤੇ ਹੋਇਆ ਕਵੀ ਦਰਬਾਰ ਵੀ ਆਪਣੀ ਛਾਪ ਛੱਡਣ 'ਚ ਕਾਮਯਾਬ ਹੋਇਆ। ਇਹ ਬਹੁਤ ਹੀ ਪ੍ਰਭਾਵਸ਼ਾਲੀ ਇਨਕਲਾਬੀ ਸਭਿਆਚਾਰ ਵਾਲਾ ਗਦਰੀ ਬਾਬਿਆਂ ਦਾ ਮੇਲਾ ਹੁਣ ਪੰਜਾਬੀ ਸਭਿਆਚਾਰ ਦਾ ਇਕ ਅਹਿਮ ਮੇਲਾ ਬਣ ਗਿਆ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਇਸ ਦੇ ਲਈ ਵਧਾਈ ਦੀ ਹੱਕਦਾਰ ਹੈ।

**ਸਾਹਬ ਬਹਾਦੁਰ ਦੀ ਸਿਨਮਾਘਰ ਵਿਚ ਆਮਦ:** ਇਕ ਖਬਰ ਜਿਸ ਦਾ ਨੋਟਿਸ ਲੈਣਾ ਜ਼ਰੂਰੀ ਬਣਦਾ ਹੈ ਕਿ ਪੰਜਾਬ ਦੇ ਗਵਰਨਰ ਛਿੱਬਰ ਹੋਰਾਂ ਨੇ ਚੰਡੀਗੜ੍ਹ ਦੇ ਇਕ ਸਿਨਮਾ ਘਰ ਵਿਚ ਲੱਗੀ ਇਕ ਨਵੀਂ ਫਿਲਮ ਵੇਖਣ ਆਉਣਾ ਸੀ। ਇਸ ਕਾਰਨ ਫਿਲਮ ਵੀ ਲੇਟ ਸ਼ੁਰੂ ਹੋਈ ਤੇ ਸਕਿਉਰਟੀ ਦੇ ਕਾਰਨ ਟਿਕਟ ਖਰਚ ਕੇ ਫਿਲਮ ਵੇਖਣ ਵਾਲੇ ਦਰਸ਼ਕਾਂ ਨੂੰ ਵੀ ਆਸਾਧਾਰਨ ਔਕੜ ਸਹਿਣੀ ਪਈ। ਇਹੋ ਜਿਹੀ ਹੀ ਇਕ ਨਾ ਖ਼ੁਸ਼ਗਵਾਰ ਘਟਨਾ ਚਾਰ ਸਾਲ ਪਹਿਲਾਂ ਮੋਹਨ ਸਿੰਘ ਮੇਲੇ 'ਤੇ ਗਵਰਨਰ ਸਾਹਿਬ ਦੀ ਆਮਦ ਨਾਲ ਵਾਪਰੀ ਸੀ। ਵੀ.ਆਈ.ਪੀ. ਵਿਅਕਤੀਆਂ ਦਾ ਇਹ ਕੋਈ ਹੱਕ ਨਹੀਂ ਬਣਦਾ ਕਿ ਉਨ੍ਹਾਂ ਦਾ ਇਕ ਫਿਲਮ ਵੇਖਣ ਦਾ ਸ਼ੌਕ ਸਾਧਾਰਨ ਲੋਕਾਂ ਲਈ ਮੁਸੀਬਤ ਦਾ ਕਾਰਨ ਬਣੇ।

**ਉਦਾਸੀ ਯਾਦਗਾਰੀ ਮੇਲਾ:** 5 ਨਵੰਬਰ ਸੰਤ ਰਾਮ ਉਦਾਸੀ ਦੇ ਆਪਣੇ ਪਿੰਡ ਰਾਏਸਰ ਹੋਇਆ ਉਦਾਸੀ ਯਾਦਗਾਰੀ ਮੇਲਾ ਇਸ ਗੱਲ ਦਾ ਸੂਚਕ ਹੈ ਕਿ ਲੋਕਾਂ ਦੇ ਦੁਖ-ਸੁਖ ਨਾਲ ਸਾਂਝ ਰੱਖਣ ਵਾਲੇ ਕਲਾਕਾਰਾਂ ਨੂੰ ਲੋਕ ਬੜੇ ਪਿਆਰ ਅਤੇ ਸ਼ਿੱਦਤ ਨਾਲ ਯਾਦ ਕਰਦੇ ਹਨ। ਇਸ ਮੌਕੇ ਉਦਾਸੀ ਦੀ ਕਵਿਤਾ 'ਤੇ ਆਧਾਰਤ ਨਾਟਕ 'ਲਹੂ ਭਿੱਜੇ ਬੋਲ' (ਉਦਾਸੀ ਦੀ ਪ੍ਰਸਿੱਧ ਕਿਤਾਬ) ਲੋਕ ਮੰਚ ਮੁੱਲਾਂਪੁਰ ਦੇ ਕਲਾਕਾਰਾਂ ਵਲੋਂ ਪੇਸ਼ ਕੀਤਾ ਗਿਆ ਜੋ ਕਿ ਉਦਾਸੀ ਦੀ ਯਾਦ ਨੂੰ ਸਹੀ ਸ਼ਰਧਾਂਜਲੀ ਸੀ। ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਤਿਆਰ ਕੀਤਾ ਨਾਟਕ, ਸੁਰਿੰਦਰ ਸ਼ਰਮਾ ਦੀ ਜ਼ੋਰਦਾਰ ਐਕਟਿੰਗ ਸਦਕੇ ਇਕ ਯਾਦਗਾਰੀ ਪੇਸ਼ਕਸ਼ ਸੀ। ਡਾ. ਤੇਜਵੰਤ ਮਾਨ ਨੇ ਆਪਣੀ ਸ਼ਰਧਾਂਜਲੀ ਵਿਚ ਉਦਾਸੀ ਦੀ ਕਵਿਤਾ ਦੇ ਪ੍ਰਸੰਗ ਵਿਚ ਸਾਹਿਤ ਦੀ ਸਿਰਜਣਾ ਦੇ ਅਮਲ ਦੀ ਵਿਆਖਿਆ ਕੀਤੀ। ਸਾਧਾਰਨ ਲੋਕਾਂ ਦੇ ਹਾਸੇ, ਦੁਖ, ਸੁਖ, ਰੀਝਾਂ, ਉਨ੍ਹਾਂ ਦੇ ਹਰ ਕੰਮ ਤੋਂ ਜਨਮ ਲੈਂਦੀਆਂ ਹਨ ਤੇ ਸੰਗੀਤ ਦੀਆਂ ਧੁਨਾਂ ਵੀ ਉਥੋਂ ਹੀ ਉਪਜਦੀਆਂ ਹਨ। ਕੋਈ ਕਲਾਕਾਰ ਇਨ੍ਹਾਂ ਨੂੰ ਅਮਰ ਸਾਹਿਤ ਦਾ ਰੂਪ ਦਿੰਦਾ ਹੈ। ਉਦਾਸੀ ਦੇ ਬਹੁਤ ਸਾਰੇ ਗੀਤ ਇਸ ਅਮਲ ਦਾ ਪ੍ਰਮਾਣ ਹਨ। ਉਦਾਸੀ ਜਿਸ ਸ਼ੈਲੀ ਵਿਚ ਆਪਣੇ ਗੀਤ ਪੇਸ਼ ਕਰਦਾ ਸੀ ਉਹ ਵਾਰਿਸ ਦੀ ਹੀਰ ਗਾਉਣ ਦੀ ਸ਼ੈਲੀ ਦੀ ਤਰ੍ਹਾਂ ਆਪਣੇ ਆਪ ਵਿਚ ਇਕ ਵੱਖਰੀ ਪਛਾਣ ਰੱਖਦੀ ਹੈ। ਆਉਣ ਵਾਲੇ ਸਮੇਂ ਵਿਚ ਇਸ ਨੂੰ ਉਦਾਸੀ ਗੀਤ ਸ਼ੈਲੀ ਦਾ ਨਾਂ ਦਿੱਤਾ ਜਾਵੇਗਾ। ਇਸ ਮੇਲੇ 'ਤੇ ਬੁਲਾਰਿਆਂ ਨੇ ਜਿਨ੍ਹਾਂ ਵਿਚ ਚੰਦ ਸਿੰਘ ਚੋਪੜਾ, ਅਮੋਲਕ ਸਿੰਘ, ਜਸਬੀਰ ਕੌਰ, ਕੰਵਲਜੀਤ ਖੰਨਾ ਤੇ ਮਨਜੀਤ ਧਨੇਰ ਸ਼ਾਮਲ ਸਨ, ਉਦਾਸੀ ਦੀ ਇਨਕਲਾਬੀ ਲਹਿਰ ਨੂੰ ਦੇਣ ਬਾਰੇ ਚਾਨਣਾ ਪਾਇਆ। ਕਵੀਆਂ ਨੇ ਇਸ ਸਮਾਗਮ ਵਿਚ ਸ਼ਮੂਲੀਅਤ ਕੀਤੀ। ਪਲਸ ਮੰਚ ਦੇ ਸਹਿਯੋਗ ਨਾਲ ਰਾਏਸਰ ਦੀ ਉਦਾਸੀ ਯਾਦਗਾਰ ਕਮੇਟੀ ਨੇ ਇਸ ਮੇਲੇ ਨੂੰ ਹਰ ਸਾਲ ਮਨਾਉਣ ਦਾ ਫੈਸਲਾ ਕੀਤਾ ਹੈ। ਇਹ ਇਕ ਸ਼ੁਭ ਫੈਸਲਾ ਹੈ।

**ਸਾਹਿਤ ਦੀ ਲੋਕਾਂ ਤਕ ਪਹੁੰਚ:** ਚੰਡੀਗੜ੍ਹ ਵਿਚ ਗਿਆਨੀ ਗੁਰਦਿੱਤ ਸਿੰਘ ਹੋਰਾਂ ਦੀ ਅਮਰ ਰਚਨਾ 'ਮੇਰਾ ਪਿੰਡ' ਬਾਰੇ ਹੋਏ ਇਕ ਸਮਾਗਮ ਵਿਚ ਇਹ ਗੱਲ ਮਹਿਸੂਸ ਕੀਤੀ ਗਈ ਕਿ ਸਾਡਾ ਕਲਾਸਕੀ ਦਰਜੇ ਦਾ ਸਾਹਿਤ ਬਹੁਤ ਵਾਰ ਅਣਗੌਲਿਆ ਰਹਿ ਜਾਂਦਾ ਹੈ। ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਚੋਣਵੇਂ ਸਾਹਿਤ ਨੂੰ ਲੋਕਾਂ ਤਕ ਲਿਜਾਣਾ ਅਤੇ ਉਹਦੀ ਸਹੀ ਪਛਾਣ ਕਰਵਾਉਣੀ ਸਾਹਿਤਕ ਅਦਾਰਿਆਂ ਦਾ ਵੱਡਾ ਫਰਜ਼ ਹੈ।